**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜਾਦਾ ਅਜੀਤ ਸਿੰਘ ਨਗਰ-160062**
**(ਕਾਰਜ ਸੰਚਾਲਨ ਸ਼ਾਖਾ)**

ਨੰ-ਪਸਸਬ-ਕਸ- 2024/1956
ਮਿਤੀ-13-02-2024

ਵੱਲ

ਸਮੂਹ ਕੇਂਦਰ ਕੰਟਰੋਲਰ/ਪ੍ਰਿੰਸੀਪਲਜ਼
ਪੰਜਾਬ ਰਾਜ

**ਵਿਸ਼ਾ- ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ 2024 ਦੀਆਂ ਪਰੀਖਿਆਵਾਂ ਲਈ ਉੱਤਰ-ਪੱਤਰੀਆਂ ਸਬੰਧੀ।**

1. ਫਰਵਰੀ/ਮਾਰਚ-2024 ਲਈ ਅੱਠਵੀਂ ਸ਼੍ਰੇਣੀ 16 ਪੰਨੇ (with OMR) (ਜਨਰਲ ਅੰਗਰੇਜੀ, ਗਣਿਤ, ਸਾਇੰਸ, ਸਮਾਜਿਕ ਸਿੱਖਿਆ, ਪਹਿਲੀ ਭਾਸ਼ਾ, ਦੂਜੀ ਭਾਸ਼ਾ, ਕੰਪਿਊਟਰ ਸਾਇੰਸ), ਦਸਵੀਂ ਸ਼੍ਰੇਣੀ 24 ਪੰਨੇ (ਜਨਰਲ ਅੰਗਰੇਜੀ, ਗਣਿਤ, ਸਾਇੰਸ, ਸਮਾਜਿਕ ਸਿੱਖਿਆ,ਪੰਜਾਬੀ-ਏ, ਪੰਜਾਬੀ-ਬੀ, ਹਿੰਦੀ, ਕੰਪਿਊਟਰ ਸਾਇੰਸ) ਅਤੇ ਬਾਰ੍ਹਵੀਂ 28 ਪੰਨੇ (ਜਨਰਲ ਅੰਗਰੇਜੀ, ਜਨਰਲ ਪੰਜਾਬੀ, ਕੰਪਿਊਟਰ ਸਾਇੰਸ ਅਤੇ ਸਬੰਧਤ ਗਰੁੱਪ ਆਰਟਸ, ਕਾਮਰਸ ਆਦਿ) ਅਤੇ ਬਾਰ੍ਹਵੀਂ ਸ਼੍ਰੇਣੀ 32 ਪੰਨੇ ਲਈ ਸਾਇੰਸ ਗਰੁੱਪ (ਫਿਜਿਕਸ, ਕਮਿਸਟਰੀ, ਬਾਇਉਲੋਜੀ) ਵਿਸ਼ੇ ਦੀਆਂ ਪਰੀਖਿਆਵਾਂ ਨਾਲ ਸਬੰਧਤ ਉੱਤਰ-ਪੱਤਰੀਆਂ ਪਰੀਖਿਆਰਥੀਆਂ ਨੂੰ ਵੰਡੀਆਂ ਜਾਣੀਆ ਹਨ।
2. ਜੇਕਰ ਕਿਸੇ ਵੀ ਪਰੀਖਿਆਂ ਕੇਂਦਰ ਦੇ ਉੱਤਰ-ਪੱਤਰੀਆਂ ਦੇ ਬੰਡਲ ਵਿੱਚੋਂ ਘੱਟ ਉੱਤਰ-ਪੱਤਰੀਆਂ ਜਾਂ ਫਟੀ ਹੋਈ/ਬਿਨ੍ਹਾ ਲੜ੍ਹੀ ਨੰਬਰ ਤੋਂ ਉੱਤਰ-ਪੱਤਰੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਸਬੰਧਤ ਜਿਲ੍ਹਾ ਮੈਨੇਜਰ ਨੂੰ ਇਸ ਬਾਰੇ ਸੂਚਿਤ ਕਰਦੇ ਹੋਏ ਗਿਣਤੀ ਅਨੁਸਾਰ ਉੱਤਰ-ਪੱਤਰੀਆਂ ਪ੍ਰਾਪਤ ਕਰ ਲਈਆਂ ਜਾਣ। ਸਮੂਹ ਜਿਲ੍ਹਾ ਮੈਨੇਜਰ ਨੂੰ ਵੱਖਰੇ ਤੌਰ ਤੇ (Extra) ਉੱਤਰ-ਪੱਤਰੀਆਂ ਜਿਲ੍ਹੇ ਵਾਈਜ਼ ਭੇਜੀਆਂ ਜਾ ਰਹੀਆਂ ਹਨ।
3. ਪਰੀਖਿਆਂ ਕੇਂਦਰ ਵਿੱਚ ਪਰੀਖਿਆਂ ਦੌਰਾਨ ਜਿਹੜੇ ਪਰੀਖਿਆਰਥੀ ਗੈਰ-ਹਾਜਰ ਹੁੰਦੇ ਹਨ ਉਹਨਾਂ ਪਰੀਖਿਆਰਥੀਆਂ ਦੀਆਂ ਉੱਤਰ-ਪੱਤਰੀਆਂ ਅਖੀਰਲੇ ਇੱਕ ਪੇਪਰ ਵਾਲੇ ਦਿਨ ਵਰਤ ਲਈਆਂ ਜਾਣ।
4. (ੳ) ਅੱਠਵੀਂ ਸ਼੍ਰੇਣੀ 16 ਪੰਨੇ (Without OMR) ਬਕਾਇਆਂ ਪਏ ਸਟਾਕ ਦੀਆਂ ਉੱਤਰ-ਪੱਤਰੀਆਂ ਦੀ ਵਰਤੋਂ ਕੀਤੀ ਜਾਣੀ ਹੈ।
   (ਅ) ਬਾਰ੍ਹਵੀਂ ਸ਼੍ਰੇਣੀ (ਪ੍ਰਯੋਗੀ) ਪਰੀਖਿਆਵਾਂ ਲਈ ਬਕਾਇਆਂ ਪਏ ਸਟਾਕ ਦੀਆਂ ਉੱਤਰ-ਪੱਤਰੀਆਂ ਦੀ ਵਰਤੋਂ ਕੀਤੀ ਜਾਣੀ ਹੈ।
   (ੲ) ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਡਰਾਇੰਗ ਸ਼ੀਟਾਂ ਬਕਾਇਆਂ ਪਏ ਸਟਾਕ ਦੀਆਂ ਉੱਤਰ-ਪੱਤਰੀਆਂ ਦੀ ਵਰਤੋਂ ਕੀਤੀ ਜਾਣੀ ਹੈ।
   (ਸ) ਅੱਠਵੀ ਅਤੇ ਦਸਵੀਂ ਸ਼੍ਰੇਣੀ ਦੇ ਚੋਣਵੇ ਵਿਸ਼ਿਆਂ (Elective Subjects) ਲਈ ਬਕਾਇਆਂ ਪਏ ਸਟਾਕ ਦੀਆਂ ਉੱਤਰ-ਪੱਤਰੀਆਂ ਦੀ ਵਰਤੋਂ ਕੀਤੀ ਜਾਣੀ ਹੈ।
   (ਹ) ਜੇਕਰ ਕਿਸੇ ਸਬੰਧਤ ਖੇਤਰੀ ਦਫਤਰ ਵਿੱਚ ਪੁਰਾਣੀਆਂ ਉੱਤਰ-ਪੱਤਰੀਆਂ ਦਾ ਸਟਾਕ ਮੌਜੂਦ ਨਹੀ ਹੈ ਤਾਂ ਇਸ ਦੀ ਸੂਚਨਾ ਸਬੰਧਤ ਕੰਡਕਟ ਸ਼ਾਖਾ ਨੂੰ ਤਰੁੰਤ ਕੀਤੀ ਜਾਵੇ।
5. ਸੈਲਫ ਸੈਂਟਰ ਦੇ D.A. ਕੋਡ ਦੇ ਪਰੀਖਿਆਂ ਕੇਂਦਰ ਨਾਲ ਸਬੰਧਤ ਪਰੀਖਿਆਰਥੀਆਂ ਲਈ ਬਕਾਇਆ ਪਈਆਂ ਉੱਤਰ-ਪੱਤਰੀਆਂ ਦੇ ਸਟਾਕ ਦੀ ਹੀ ਵਰਤੋਂ ਕੀਤੀ ਜਾਣੀ ਹੈ।
6. ਖਰਾਬ/ਨਸ਼ਟ ਹੋਈਆਂ ਉੱਤਰ-ਪੱਤਰੀਆਂ ਦਾ ਸਟਾਕ ਰਜਿਸਟਰ ਵਿੱਚ ਪੂਰਾ ਰਿਕਾਰਡ ਰੱਖਿਆ ਜਾਵੇ ਅਤੇ ਵਾਧੂ ਜਾਰੀ ਕੀਤੀਆਂ ਗਈਆਂ ਉੱਤਰ-ਪੱਤਰੀਆਂ ਦਾ ਪੂਰਾ ਰਿਕਾਰਡ ਆਨ ਲਾਈਨ ਮਨਟੇਨ ਕਰਕੇ ਰੱਖਿਆ ਜਾਵੇ।

13/2/24

ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ
ਐਸ.ਏ.ਐਸ.ਨਗਰ, ਮੋਹਾਲੀ।